ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਜ਼ਿਲੇ ਦੀਆਂ ਮੰਡੀਆਂ 'ਚ ਕਣਕ ਆਮਦ ਸ਼ੁਰੂ-ਡਿਪਟੀ ਕਮਿਸ਼ਨਰ

ਕਣਕ ਦੀ ਖ਼ਰੀਦ ਲਈ ਬਣਾਏ ਗਏ 442 ਖ਼ਰੀਦ ਕੇਂਦਰ

ਆੜ੍ਹਤੀਆਂ ਦੇ ਮਾਰਫ਼ਤ ਕੀਤੇ ਜਾ ਰਹੇ ਹਨ ਕਿਸਾਨਾਂ ਨੂੰ ਪਾਸ ਜਾਰੀ

ਪਾਸ ਨਾਲ ਛੇੜਛਾੜ ਕਰਨ 'ਤੇ ਹੋਵੇਗੀ ਕਾਨੂੰਨੀ ਕਾਰਵਾਈ

ਕੰਬਾਇਨ ਚਲਾਉਣ ਦਾ ਸਮਾਂ ਸਵੇਰੇ 8 ਤੋਂ ਸ਼ਾਮ 7 ਵਜੇ ਤੱਕ

ਬਠਿੰਡਾ, 15 ਅਪ੍ਰੈਲ : ਡਿਪਟੀ ਕਮਿਸ਼ਨਰ ਸ਼੍ਰੀ ਬੀ.ਸ੍ਰੀਨਿਵਾਸਨ (ਆਈ.ਏ.ਐਸ.) ਨੇ ਦੱਸਿਆ ਕਿ ਜ਼ਿਲਾ ਬਠਿੰਡਾ ਦੀਆਂ ਮੰਡੀਆਂ ਵਿਚ ਅੱਜ ਪਹਿਲੇ ਦਿਨ ਤੋਂ ਕਣਕ ਦੀ ਆਮਦ ਸ਼ੁਰੂ ਹੋ ਚੁੱਕੀ ਹੈ। ਕਰੋਨਾ ਵਾਇਰਸ ਦੇ ਮੱਦੇਨਜ਼ਰ ਜ਼ਿਲੇ ਦੀਆਂ ਮੰਡੀਆਂ 'ਚ ਕਣਕ ਦੀ ਜਿਣਸ ਲਿਆਉਣ ਸਮੇਂ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨਾਂ ਦੱਸਿਆ ਕਿ ਜ਼ਿਲਾ ਬਠਿੰਡਾ 'ਚ ਮੰਡੀ ਵਿਚ ਕਣਕ ਲਿਆਉਣ ਸਮੇਂ ਕਿਸਾਨਾਂ ਨੂੰ ਆੜ੍ਹਤੀਆਂ ਦੇ ਮਾਰਫ਼ਤ ਸਪੈਸ਼ਲ ਪਾਸ ਜਾਰੀ ਕੀਤੇ ਜਾ ਰਹੇ ਹਨ। ਉਨਾਂ ਦੱਸਿਆ ਕਿ ਇੱਕ ਦਿਨ ਵਿਚ ਕਰੀਬ 2000 ਪਾਸ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਪਹਿਲਾਂ 3000 ਦੇ ਕਰੀਬ ਪਾਸ ਕਿਸਾਨਾਂ ਨੂੰ ਜਾਰੀ ਕੀਤੇ ਹਨ। ਉਨਾਂ ਦੱਸਿਆ ਕਿ ਕਣਕ ਦੀ ਖ਼ਰੀਦ ਦੇ ਲਈ 442 ਖ਼ਰੀਦ ਕੇਂਦਰ ਬਣਾਏ ਗਏ ਹਨ।

ਜ਼ਿਲਾ ਮੰਡੀ ਅਫ਼ਸਰ ਪ੍ਰੀਤ ਕੰਵਰ ਸਿੰਘ ਬਰਾੜ ਨੇ ਦੱਸਿਆ ਕਿਸਾਨਾਂ ਦੀ ਸਿਹਤ ਅਤੇ ਫ਼ਸਲ ਦੀ ਸਾਂਭ-ਸੰਭਾਲ ਲਈ ਮੰਡੀਆਂ ਵਿਚ ਮੁਕੰਮਲ ਪ੍ਰਬੰਧ ਕੀਤੇ ਗਏ ਹਨ। ਉਨਾਂ ਕਿਹਾ ਕਿ ਅੱਜ ਪਹਿਲੇ ਦਿਨ ਕਿਸਾਨਾਂ ਨੂੰ ਹਾਰ ਪਾ ਕੇ ਮੰਡੀਆਂ ਵਿਚ ਕਣਕ ਲਿਆਉਣ 'ਤੇ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ ਗਿਆ ਹੈ। ਕਿਸਾਨ ਨੂੰ ਮੰਡੀ ਵਿਚ ਆਉਣ ਤੋਂ ਪਹਿਲਾਂ ਸੈਨੀਟਾਈਜ਼ ਕੀਤਾ ਗਿਆ ਅਤੇ ਭਵਿੱਖ ਵੀ ਮੰਡੀਆਂ 'ਚ ਆਉਣ ਵਾਲੇ ਕਿਸਾਨਾਂ ਨੂੰ ਸੈਨੀਟਾਈਜ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨਾਂ ਕਿਹਾ ਕਿ ਸਾਰੀਆਂ ਮੰਡੀਆਂ ਨੂੰ ਲਗਾਤਾਰ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਮੰਡੀਆਂ ਵਿਚ ਕਿਸਾਨਾਂ ਲਈ ਪੀਣ ਯੋਗ ਪਾਣੀ ਅਤੇ ਹੱਥਾਂ ਨੂੰ ਧੋਣ ਦੀ ਸੁਵਿਧਾ ਵੀ ਉਪਲੱਬਧ ਕਰਵਾਈ ਜਾ ਰਹੀ ਹੈ।

ਜ਼ਿਲਾ ਮੰਡੀ ਅਫ਼ਸਰ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਣਕ ਦੀ ਖ਼ਰੀਦ ਦੌਰਾਨ ਆਪਸੀ ਦੂਰੀ ਨੂੰ ਬਣਾ ਕੇ ਰੱਖਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਅਸੀਂ ਇਸ ਭਿਆਨਕ ਬਿਮਾਰੀ ਨੂੰ ਹਰਾਉਣ 'ਚ ਸਫ਼ਲ ਹੋ ਸਕੀਏ। ਇਸ ਤੋਂ ਇਲਾਵਾ ਉਨਾਂ ਇਹ ਵੀ ਸਪੱਸ਼ਟ ਕੀਤਾ ਕਿ ਕਿਸਾਨ ਨੂੰ ਪਾਸ ਦੀ ਮਿਤੀ ਵਾਲੇ ਦਿਨ ਹੀ ਆਪਣੀ ਕਣਕ ਦੀ ਜਿਣਸ ਮੰਡੀ ਵਿਚ ਲਿਜਾਣ ਦੀ ਆਗਿਆ ਹੋਵੇਗੀ। ਮੰਡੀ ਵਿਚ ਫ਼ਸਲ ਲਿਆਉਣ ਸਮੇਂ ਅਸਲੀ ਪਾਸ ਦਿਖਾਉਣਾ ਲਾਜ਼ਮੀ ਹੋਵੇਗਾ। ਉਨਾਂ ਇਹ ਵੀ ਕਿਹਾ ਕਿ ਪਾਸ ਦੀ ਫ਼ੋਟੋ ਕਾਪੀ ਨਹੀਂ ਮੰਨੀ ਜਾਵੇਗੀ ਅਤੇ ਪਾਸ ਨਾਲ ਛੇੜਛਾੜ ਕਰਨ ਵਾਲਿਆਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨਾਂ ਕਿਸਾਨਾਂ ਨੂੰ ਇਕ ਵਾਰ ਫ਼ੇਰ ਅਪੀਲ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਵਲੋਂ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਦੇ ਮੱਦੇਨਜ਼ਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਆਪਸੀ ਦੂਰੀ ਬਣਾ ਕੇ ਰੱਖਣ ਯਕੀਨੀ ਬਣਾਉਣ। ਉਨਾਂ ਕਿਹਾ ਕਿ ਕਣਕ ਦੀ ਕਟਾਈ ਲਈ ਕੰਬਾਇਨ ਚਲਾਉਣ ਦਾ ਸਮਾਂ ਸਵੇਰੇ 8 ਤੋਂ ਸ਼ਾਮ 7 ਵਜੇ ਤੱਕ ਹੋਵੇਗਾ।

Scanned with CamScanner

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਏਮਜ਼ ਬਠਿੰਡਾ ਨੇ ਸ਼ੁਰੂ ਕੀਤੀਆਂ ਟੈਲੀਮੈਡੀਸ਼ਨ ਸੇਵਾਵਾਂ- ਸ੍ਰੀ ਸ਼ਤੀਸ਼ ਗੁਪਤਾ

ਕੰਮਕਾਜ ਵਾਲੇ ਦਿਨਾਂ ਦੌਰਾਨ ਸੇਵਾਵਾਂ ਸਵੇਰੇ 9 ਤੋਂ ਦੁਪਿਹਰ 1 ਤੱਕ ਉਪਲੱਬਧ

ਸਲਾਹ-ਮਸ਼ਵਰੇ ਲਈ ਟੈਲੀਫੋਨ ਕਾਲ 'ਤੇ ਲੈ ਸਕਦੇ ਹਨ ਅਗਾਊਂ ਸਮਾਂ

ਬਠਿੰਡਾ, 15 ਅਪ੍ਰੈਲ : ਏਮਜ਼ ਬਠਿੰਡਾ ਦੇ ਐਡੀਸ਼ਨਲ ਮੈਡੀਕਲ ਸੁਪੇਰਿੰਟੈਡੈਂਟ ਸ੍ਰੀ ਸ਼ਤੀਸ਼ ਗੁਪਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਏਮਜ਼ ਬਠਿੰਡਾ ਵਲੋਂ ਟੈਲੀਮੈਡੀਸ਼ਨ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਉਨਾਂ ਕਿਹਾ ਕਿ ਟੈਲੀਮੈਡੀਸ਼ਨ ਸੇਵਾਵਾਂ ਸਵੇਰੇ 9 ਵਜੇ ਤੋਂ ਦੁਪਿਹਰ 1 ਵਜੇ ਤੱਕ ਸਾਰੇ ਕੰਮ-ਕਾਜ ਵਾਲੇ ਦਿਨਾਂ 'ਚ ਉਪਲੱਬਧ ਰਹਿਣਗੀਆਂ। ਇਸ ਤੋਂ ਇਲਾਵਾ ਉਨਾਂ ਇਹ ਵੀ ਕਿਹਾ ਕਿ ਇਹ ਸਹੂਲਤ ਗਜ਼ਟਿਡ ਛੁੱਟੀਆਂ ਤੇ ਐਤਵਾਰ ਵਾਲੇ ਦਿਨ ਉਪਲੱਬਧ ਨਹੀਂ ਹੋਵੇਗੀ।

ਐਡੀਸ਼ਨਲ ਮੈਡੀਕਲ ਸੁਪੇਰਿੰਟੈਡੈਂਟ ਸ੍ਰੀ ਸਤੀਸ਼ ਗੁਪਤਾ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਮਰੀਜ਼ ਟੈਲੀ-ਸਲਾਹ-ਮਸ਼ਵਰੇ ਲਈ ਆਪਣੀ ਅਪੌਇੰਟਮੈਂਟ 0164-2867250, 7253, 7254, 7255, 7256 ਆਦਿ ਟੈਲੀਫੋਨ ਨੰਬਰਾਂ 'ਤੇ ਕਾਲ ਕਰਕੇ ਲੈ ਸਕਦੇ ਹਨ। ਉਨਾਂ ਕਿਹਾ ਕਿ ਮਰੀਜ਼ ਨੂੰ ਇੱਕ ਸਮਾਂ ਸਲਾਟ ਦਿੱਤਾ ਜਾਵੇਗਾ ਜਿਸ ਦੌਰਾਨ ਉਹ ਹਸਪਤਾਲ ਤੋਂ ਇੱਕ ਕਾਲ ਪ੍ਰਾਪਤ ਕਰਨਗੇ ਤੇ ਡਾਕਟਰਾਂ ਨਾਲ ਗੱਲ ਕਰਨਗੇ। ਕਾਲ ਕਰਨ ਤੋਂ ਪਹਿਲਾਂ ਮਰੀਜ਼, ਦੇਖਭਾਲ ਕਰਨ ਵਾਲੇ, ਰਿਸ਼ਤੇਦਾਰ ਇਹ ਸੁਨਿਸ਼ਚਿਤ ਕਰਨਗੇ ਕਿ ਰਜਿਸਟਰਡ ਫੋਨ ਨੰਬਰ, ਏਮਜ਼ ਬਠਿੰਡਾ ਕਾਰਡ ਦਾ 15 ਨੰਬਰ ਦਾ ਸੀ.ਆਰ.ਨੰਬਰ (ਪੁਰਾਣੇ ਮਰੀਜ਼ਾਂ ਲਈ ਲਾਗੂ,) ਲਈ ਜਾ ਰਹੀਆਂ ਦਵਾਈਆਂ ਦੀ ਸੂਚੀ ਜਾਂਚ ਆਦਿ।

ਇਸ ਤੋਂ ਇਲਾਵਾ ਸ੍ਰੀ ਸੁਰੇਸ਼ ਗੁਪਤਾ ਨੇ ਇਹ ਵੀ ਕਿਹਾ ਕਿ ਜਿਨਾ ਮਰੀਜ਼ਾਂ ਨੇ ਪਹਿਲਾਂ ਆਪਣੀ ਸਿਹਤ ਜਾਂਚ ਏਮਜ਼ ਬਠਿੰਡਾ ਓ.ਪੀ.ਡੀ. ਦੀ ਵਿਚ ਕਰਵਾਈ ਹੈ ਤੇ ਉਸ ਦਾ ਇਲਾਜ਼ ਚੱਲ ਰਿਹਾ ਹੈ ਤਾਂ ਉਹ ਆਪਣੇ ਇਲਾਜ਼ ਬਾਰੇ ਈਮੇਲ ਰਾਹੀਂ ਵੀ ਸਲਾਹ ਮਸ਼ਵਰਾ ਲੈ ਸਕਦੇ ਹਨ। ਉਨਾਂ ਇਹ ਵੀ ਕਿਹਾ ਕਿ ਜੇਕਰ ਕਿਸੇ ਮਰੀਜ਼ ਦੀ ਸਮੱਸਿਆ ਗੰਭੀਰ ਹੈ ਤਾਂ ਉਹ ਆਪਣੀ ਸਮੱਸਿਆ ਦਾ ਹੱਲ ਈਮੇਲ ਰਾਹੀਂ ਨਹੀਂ ਕਰਵਾ ਸਕਦਾ।

ਉਨਾਂ ਅਪੀਲ ਕਰਦਿਆਂ ਕਿਹਾ ਕਿ ਮਰੀਜ਼ ਆਪਣੇ ਓ.ਪੀ.ਡੀ. ਕਾਰਡ ਦੀ ਫ਼ੋਟੋ ਕਾਪੀ, ਆਪਣੀ ਪੁਰਾਣੀ ਤੇ ਮੌਜੂਦਾ ਬਿਮਾਰੀ ਅਤੇ ਜਿਹੜੀਆ ਦਵਾਈਆਂ ਲੈ ਰਹੇ ਹਨ ਸਾਰਾ ਵੇਰਵਾ ਸਮੇਤ ਡਾਕਟਰ ਦਾ ਨਾਮ ਜਿਸ ਤੋਂ ਮਰੀਜ਼ ਦਾ ਇਲਾਜ ਚੱਲ ਰਿਹਾ ਹੈ ਬਿਮਾਰੀ ਨਾਲ ਸਬੰਧਤ ਈਮੇਲ 'ਤੇ ਭੇਜਿਆ ਜਾਵੇ ਤਾਂ ਜੋ ਮਰੀਜ਼ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ।

Scanned with CamScanner